# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਕਾਰਜ ਸੰਚਾਲਨ ਸ਼ਾਖਾ)

ਨੰ:ਪਸਸਬ-ਕਸ-2016 38297

ਮਿਤੀ: 9-2-2016

ਵੱਲ

ਸਮੂਹ ਕੇਂਦਰ ਕੰਟਰੋਲਰ

ਦਸਵੀਂ/ਬਾਰ੍ਹਵੀਂ ਪ੍ਰੀਖਿਆਵਾਂ ਫਰਵਰੀ/ਮਾਰਚ 2016

**ਵਿਸ਼ਾ:- ਮੈਟ੍ਰਿਕ/ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ(ਸਮੇਤ ਓਪਨ ਸਕੂਲ) ਫਰਵਰੀ/ਮਾਰਚ 2016 ਦੌਰਾਨ ਸਥਾਪਤ ਕੀਤੇ ਪ੍ਰੀਖਿਆ ਕੇਂਦਰਾਂ ਦੀ ਕਪੈਸਿਟੀ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਮੈਟ੍ਰਿਕ/ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਕ੍ਰਮਵਾਰ ਮਿਤੀ 4-3-2016 ਅਤੇ 20-2-2016 ਤੋਂ ਕਰਵਾਈ ਜਾ ਰਹੀ ਹੈ। ਇਸ ਸਬੰਧੀ ਆਪ ਦੀ ਸੰਸਥਾ ਵਿੱਚ ਪ੍ਰੀਖਿਆ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਦੀ ਗਿਣਤੀ ਆਪ ਨੂੰ ਪਹਿਲਾਂ ਹੀ ਸਕੂਲ ਦੇ Login ID ਤੇ ਭੇਜੀ ਜਾ ਚੁੱਕੀ ਹੈ।

ਕੇਂਦਰ ਵਾਈਜ਼ ਗਿਣਤੀ (ਰੈਗੂਲਰ, ਰੀ-ਅਪੀਅਰ/ਕੰਪਾਰਟਮੈਂਟ ਅਤੇ ਵਾਧੂ ਵਿਸ਼ੇ ਦੇ ਪ੍ਰੀਖਿਆਰਥੀਆਂ ਸਮੇਤ) ਦਰਸਾਈ ਗਈ ਹੈ। ਜੇਕਰ ਪ੍ਰਬੰਧਕੀ ਕਾਰਨਾਂ ਕਰਕੇ ਪ੍ਰੀਖਿਆਰਥੀਆਂ ਦੀ ਗਿਣਤੀ ਕੇਂਦਰ ਵਿੱਚ ਵੱਧਦੀ ਹੈ, ਤਾਂ ਸੁਚਾਰੂ ਢੰਗ ਨਾਲ ਵੱਧ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਦਾ ਸੰਚਾਲਨ ਕਰਵਾਉਣ ਦੀ ਖੇਚਲ ਵੀ ਕੀਤੀ ਜਾਵੇ। ਦਫ਼ਤਰ ਵਲੋਂ ਇਹ ਪੂਰੀ ਸੰਭਵ ਕੋਸ਼ਿਸ਼ ਕੀਤੀ ਗਈ ਹੈ **ਕਿ ਹਰ ਇੱਕ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ 200-250 ਤੱਕ ਹੀ ਸੀਮਿਤ ਰਹੇ।**

ਇਹਨਾਂ ਪ੍ਰੀਖਿਆਵਾਂ ਦੇ ਸਮੁੱਚੇ ਸੰਚਾਲਨ ਲਈ ਆਪ ਜੀ ਨੂੰ ਕੇਂਦਰ ਕੰਟਰੋਲਰ ਦੀ ਜਿੰਮੇਵਾਰੀ ਵੀ ਸੌਂਪੀ ਜਾਂਦੀ ਹੈ । ਇਸ ਲਈ ਕੇਂਦਰ ਦੇ ਬਾਹਰ ਦੀ ਅਣ-ਉਚਿੱਤ ਦਖਲ ਅੰਦਾਜ਼ੀ ਨੂੰ ਕੰਟਰੋਲ ਕਰਨ ਅਤੇ ਨਾਲ-ਨਾਲ ਸ਼ਾਂਤਮਈ ਮਾਹੌਲ ਵਿੱਚ ਪ੍ਰੀਖਿਆ ਦਾ ਸੰਚਾਲਨ ਕਰਵਾਉਣ ਦੀ ਖੇਚਲ ਕੀਤੀ ਜਾਵੇ। ਇਹ ਜਿੰਮੇਵਾਰੀ ਕੇਵਲ ਮਿਸ ਮੈਨੇਜਮੈਂਟ ਦੀ ਸਥਿਤੀ ਨੂੰ ਰੋਕਣ ਤੱਕ ਹੀ ਸੀਮਤ ਹੋਵੇਗੀ, ਕੇਂਦਰ ਸੁਪਰਡੈਂਟ ਦੇ ਕੰਮ-ਕਾਜ ਵਿੱਚ ਕੋਈ ਬੇਲੋੜੀ ਦਖ਼ਲ ਅੰਦਾਜ਼ੀ ਨਾ ਕੀਤੀ ਜਾਵੇ।

ਜੇਕਰ ਕੋਈ ਮਿਸ-ਮੈਨੇਜਮੈਂਟ ਘਟਨਾ ਦਾ ਕੇਸ ਧਿਆਨ ਵਿੱਚ ਆਉਂਦਾ ਹੈ ਤਾਂ ਤੁਰੰਤ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਨਾਲ ਸੰਪਰਕ ਕਰਕੇ ਸਥਿਤੀ ਨੂੰ ਕਾਬੂ ਕੀਤਾ ਜਾਵੇ।

***(ੳ) ਪ੍ਰੀਖਿਆ ਕੇਂਦਰ ਗਰਾਊਂਡ ਫਲੋਰ ਤੇ ਬਣਾਉਣ ਸਬੰਧੀ:-***

ਪ੍ਰੀਖਿਆ ਕੇਂਦਰ ਗਰਾਊਂਡ ਫਲੋਰ ਤੇ ਹੀ ਸਥਾਪਤ ਕੀਤੇ ਜਾਣ ਅਤੇ ਪ੍ਰੀਖਿਆਰਥੀਆਂ ਦੇ ਬੈਠਣ ਲਈ ਫਰਨੀਚਰ ਅਤੇ ਹੋਰ ਲੋੜੀਂਦੀਆਂ ਸੁਵਿਧਾਵਾਂ ਦਾ ਪ੍ਰਬੰਧ ਕੀਤਾ ਜਾਵੇ। ਇਸ ਪ੍ਰੀਖਿਆ ਲਈ ਨਵੀਆਂ ਉੱਤਰ ਪੱਤਰੀਆਂ ਵਰਤੀਆਂ ਜਾਣ। ਲੋੜ ਅਨੁਸਾਰ ਉੱਤਰ ਪੱਤਰੀਆਂ ਆਪਣੇ ਜ਼ਿਲ੍ਹੇ ਨਾਲ ਸਬੰਧਤ ਬੋਰਡ ਦੇ ਖੇਤਰੀ ਦਫ਼ਤਰ (ਪਾਠ-ਪੁਸਤਕਾਂ ਵਿੱਕਰੀ ਡਿਪੂ ) ਤੋਂ ਪ੍ਰਾਪਤ ਕਰ ਲਈਆਂ ਜਾਣ ਅਤੇ ਰੋਜ਼ਾਨਾ ਲੋੜ ਅਨੁਸਾਰ ਕੇਂਦਰ ਸੁਪਰਡੰਟ ਨੂੰ ਮੁਹੱਈਆ ਕੀਤੀਆਂ ਜਾਣ।

***(ਅ) ਪ੍ਰੀਖਿਆਵਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਸਬੰਧੀ:-***

ਪ੍ਰੀਖਿਆਵਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਪ੍ਰੀਖਿਆਵਾਂ ਵਾਲੇ ਦਿਨਾਂ ਵਿੱਚ ਦਫਾ-144 ਸੀ.ਆਰ.ਪੀ.ਸੀ. ਲਾਗੂ ਕਰਵਾਉਣ ਲਈ ਸਮਰੱਥ ਅਥਾਰਟੀ ਨਾਲ ਸੰਪਰਕ ਕੀਤਾ ਜਾਵੇ ਅਤੇ ਇਸ ਸਬੰਧੀ ਆਪਣੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਰਾਹੀਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਸਹਿਯੋਗ ਲੈ ਲਿਆ ਜਾਵੇ।

*(ੲ) ਪ੍ਰਸ਼ਨ-ਪੱਤਰ ਅਤੇ ਹੋਰ ਸਮੱਗਰੀ ਭੇਜਣ ਸਬੰਧੀ:-*

*ਦਫਤਰ ਵੱਲੋਂ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਬੈਂਕਾਂ ਵਿੱਚ ਭੇਜਣ ਦਾ ਨਿਰਣਾ ਲਿਆ ਗਿਆ ਹੈ। ਬਾਰ੍ਹਵੀਂ ਸ਼੍ਰੇਣੀ ਦੇ ਮਿਤੀ 16-2-2016 ਤੋਂ 18-2-2016 ਤੱਕ ਅਤੇ ਦਸਵੀਂ ਸ਼੍ਰੇਣੀ ਦੇ ਮਿਤੀ 29-2-2016 ਤੋਂ 2-3-2016 ਤੱਕ ਬੋਰਡ ਦੇ ਕਰਮਚਾਰੀ/ਅਧਿਕਾਰੀ ਰਾਹੀਂ ਆਪ ਵੱਲੋਂ ਦੱਸੇ ਬੈਂਕ ਵਿੱਚ ਸਿੱਧੇ ਪੁਹੰਚਾਏ ਜਾਣਗੇ। ਕੇਂਦਰ ਕੰਟਰੋਲਰ/ਉਹਨਾਂ ਵਲੋਂ ਨਿਯੁਕਤ ਅਧਿਆਪਕ ਇੱਕ ਟਰੰਕ 3×2 ਫੁੱਟ ਅਤੇ 18 ਇੰਚ ਉਚਾਈ ਦਾ ਦੋ ਕੁੰਡਿਆ ਵਾਲਾ ਸਮੇਤ ਦੋ ਤਾਲੇ (ਦੋਨੋਂ ਤਾਲੇ ਵੱਖ-ਵੱਖ ਹੋਣੇ ਚਾਹੀਦੇ ਹਨ) ਬੈਂਕ ਵਿੱਚ ਲੈ ਕੇ ਆਉਣਗੇ। ਦਸਵੀਂ ਅਤੇ ਬਾਰ੍ਹਵੀਂ ਲਈ ਅਲੱਗ-ਅਲੱਗ ਟਰੰਕ ਰੱਖੇ ਜਾਣੇ ਹਨ। ਟਰੰਕ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਦੀ ਮਿਤੀ ਨੂੰ ਬੈਂਕ ਵਿੱਚ ਲਿਆਂਦਾ ਜਾਵੇ। ਪ੍ਰਸ਼ਨ ਪੱਤਰਾਂ ਦਾ ਚਲਾਨ ਨਾਲ ਮਿਲਾਨ ਕਰਕੇ ਟਰੰਕ ਵਿੱਚ ਰੱਖੇ ਜਾਣ। ਡੇਟਸ਼ੀਟ ਅਨੁਸਾਰ ਹਰ ਰੋਜ਼ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਪ੍ਰਾਪਤ ਕਰਕੇ ਹਰ ਹਾਲਤ ਵਿੱਚ ਪ੍ਰੀਖਿਆ ਸ਼ੁਰੂ ਹੋਣ ਤੋਂ 30 ਮਿੰਟ ਪਹਿਲਾਂ ਕੇਂਦਰ ਸੁਪਰਡੈਂਟ ਨੂੰ ਹਸਤਾਖ਼ਰ ਲੈ ਕੇ ਸੌਂਪੇ ਜਾਣ। ਪ੍ਰਸ਼ਨ ਪੱਤਰ ਪ੍ਰਾਪਤ ਕਰਨ ਲਈ ਮੈਨੇਜਰ ਨੂੰ ਬੈਂਕ ਸਮੇਂ ਸਿਰ ਖੋਲ੍ਹਣ ਲਈ ਵੱਖਰੇ ਤੌਰ ਤੇ ਹਦਾਇਤ ਕੀਤੀ ਜਾ ਰਹੀ ਹੈ। ਪ੍ਰਸ਼ਨ ਪੱਤਰਾਂ ਦੀ ਘਾਟ ਸਬੰਧੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-*

ਬਾਰ੍ਹਵੀਂ ਸ਼੍ਰੇਣੀ:- ਸਾਰੇ ਜ਼ਿਲ੍ਹੇ (0172-3047351,304,305,310) ਫੈਕਸ ਨੰ: (0172-3070850)

ਦਸਵੀਂ ਸ਼੍ਰੇਣੀ:- (ੳ) ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਜਲੰਧਰ , ਕਪੂਰਥਲਾ, ਐਸ.ਬੀ.ਐਸ. ਨਗਰ , ਫਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਮੁਕਤਸਰ, ਬਰਨਾਲਾ, ਚੰਡੀਗੜ੍ਹ। (0172-3047270,271,272) ਫੈਕਸ ਨੰ:(0172-3070852

(ਅ) ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ,ਫਾਜ਼ਿਲਕਾ, ਮਾਨਸਾ, ਮੋਗਾ, ਲੁਧਿਆਣਾ, ਰੂਪਨਗਰ, ਤਰਨਤਾਰਨ , ਐਸ.ਏ.ਐਸ ਨਗਰ (0172-3047298,299,300) ਫੈਕਸ ਨੰ: (0172-3070851)

ਨੋਟ:-1. **ਸੁਣਨ ਤੋਂ ਅਸਮਰਥ ਪ੍ਰੀਖਿਆਰਥੀਆਂ ਨੂੰ ਵੱਖਰੇ ਪ੍ਰਸ਼ਨ-ਪੱਤਰ ਦਿੱਤੇ ਜਾਣੇ ਹਨ। ਪ੍ਰਸ਼ਨ-ਪੱਤਰ ਦੇ ਪੈਕਟ ਉਪਰ Only for Impaired ਸ਼ਬਦ ਲਿਖਿਆ ਹੋਵੇਗਾ। ਇਸ ਲਈ ਜੇਕਰ ਕੋਈ ਪ੍ਰੀਖਿਆਰਥੀ ਆਪ ਦੇ ਪ੍ਰੀਖਿਆ ਕੇਂਦਰ ਵਿਖੇ ਪ੍ਰੀਖਿਆ ਦੇ ਰਿਹਾ ਹੈ ਤਾਂ ਅਜਿਹੇ ਪ੍ਰੀਖਿਆਰਥੀਆਂ ਦੇ ਪ੍ਰਸ਼ਨ-ਪੱਤਰ ਵੀ ਬੈਂਕਾਂ ਵਿੱਚੋਂ ਦੂਜੇ ਪ੍ਰਸ਼ਨ-ਪੱਤਰਾਂ ਦੇ ਨਾਲ ਹੀ ਲਿਆਂਦੇ ਜਾਣ।**

ਨੋਟ:- 2. **ਭਾਰਤ ਸਰਕਾਰ ਵੱਲੋਂ ਬੈਂਕਾਂ ਵਿੱਚ ਹਰ ਦੂਜੇ ਅਤੇ ਚੌਥੇ ਸ਼ਨੀਵਾਰ ਦੀ ਛੁੱਟੀ ਘੋਸ਼ਿਤ ਕੀਤੀ ਗਈ ਹੈ। ਇਸ ਲਈ ਇਹਨਾਂ ਦਿਨਾਂ ਨੂੰ ਹੋਣ ਵਾਲੀ ਪ੍ਰੀਖਿਆ ਨਾਲ ਸਬੰਧਤ ਪ੍ਰਸ਼ਨ ਪੱਤਰ ਦੂਜੇ ਅਤੇ ਚੌਥੇ ਸ਼ੁੱਕਰਵਾਰ ਭਾਵ ਪ੍ਰੀਖਿਆ ਤੋਂ ਇਕ ਦਿਨ ਪਹਿਲਾਂ ਪ੍ਰਾਪਤ ਕਰ ਲਏ ਜਾਣ ਤਾਂ ਜੋ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਬਾਰੇ ਸਮੂਹ ਬੈਂਕਾਂ ਨੂੰ ਵੀ ਸੂਚਿਤ ਕੀਤਾ ਜਾ ਰਿਹਾ ਹੈ।**

ਪ੍ਰੀਖਿਆ ਦੀ ਸਮਾਪਤੀ ਵਾਲੇ ਦਿਨ ਜੇਕਰ ਕੋਈ ਵਾਧੂ ਪ੍ਰਸ਼ਨ-ਪੱਤਰ ਬੈਂਕ ਵਿੱਚ ਬਚਦਾ ਹੈ ਤਾਂ ਉਹ ਵੀ ਸਬੰਧਤ ਬੈਂਕ ਕੋਲੋਂ ਪ੍ਰਾਪਤ ਕਰ ਲਿਆ ਜਾਵੇ ਅਤੇ ਉਸ ਨੂੰ ਲਾਸਟ ਪੈਕਟ ਵਿੱਚ ਪਾ ਕੇ ਭੇਜ ਦਿੱਤਾ ਜਾਵੇ ਅਤੇ ਖਾਲੀ ਟਰੰਕ ਨੂੰ ਵੀ ਆਪਣੀ ਕਸਟੱਡੀ ਵਿੱਚ ਲੈ ਲਿਆ ਜਾਵੇ।

9/2

ਉਪ ਸਕੱਤਰ (ਕਾਰਜ ਸੰਚਾਲਨ)

ਵਾਸਤੇ ਸਕੱਤਰ।